**SA-2**

**ਸਮਾਂ- 3 ਘੰਟੇ**

**ਕੁੱਲ ਅੰਕ-70**

**ਜਮਾਤ- ਅੱਠਵੀਂ**

**ਕਿਰਿਆ ਅਧਾਰਿਤ ਪ੍ਰਸ਼ਨਾਂ ਦੇ ਕੁੱਲ ਅੰਕ 25 ਹੋਣਗੇ।**

ਪਾਠ-5,6,10,12,13,15,16,18

**ਭਾਗ-ੳ** **ਕੁੱਲ ਅੰਕ-20**

ਇਸ ਭਾਗ ਵਿੱਚ ਚਾਰ ਪ੍ਰਸ਼ਨ ਹੋਣਗੇ.

(1) ਖਾਲੀ ਥਾਂ ਭਰਨੀ (1-1 ਅੰਕ ਦੇ 5 ਸਵਾਲ—5 ਅੰਕ)

(2) ਮਿਲਾਨ ਕਰੋ (1-1 ਅੰਕ ਦੇ 5 ਸਵਾਲ—5ਅੰਕ)

(3) ਸਹੀ ਉੱਤਰ ਚੁਣਨਾ (1-1 ਅੰਕ ਦੇ 5 ਸਵਾਲ—5 ਅੰਕ)

(4) ਠੀਕ ਅਤੇ ਗਲਤ (1-1 ਅੰਕ ਦੇ 5 ਸਵਾਲ—5 ਅੰਕ)

ਨੋਟ- ਕਿਰਿਆ ਦੇ ਪ੍ਰਸ਼ਨ 9 ਅੰਕ ਦੇ ਹੋਣਗੇ

**ਭਾਗ-ਅ** **ਕੁੱਲ ਅੰਕ-14**

ਇਸ ਭਾਗ ਵਿੱਚ 7 ਪ੍ਰਸ਼ਨ ਹੋਣਗੇ।ਹਰ ਇੱਕ ਪ੍ਰਸ਼ਨ ਦੋ-ਦੋ ਅੰਕ ਦਾ ਹੋਵੇਗਾ।

ਨੋਟ-ਕਿਰਿਆ ਦੇ ਪ੍ਰਸ਼ਨ 5 ਅੰਕ ਦੇ ਹੋਣਗੇ।

**ਭਾਗ-ੲ** **ਕੁੱਲ ਅੰਕ-21**

ਇਸ ਭਾਗ ਵਿੱਚ 7 ਪ੍ਰਸ਼ਨ ਹੋਣਗੇ।ਹਰ ਇੱਕ ਪ੍ਰਸ਼ਨ 3-3 ਅੰਕ ਦਾ ਹੋਵੇਗਾ।

ਨੋਟ-ਕਿਰਿਆ ਦੇ ਪ੍ਰਸ਼ਨ 6 ਅੰਕ ਦੇ ਹੋਣਗੇ।

**ਭਾਗ-ਸ** **ਕੁੱਲ ਅੰਕ-15**

ਇਸ ਭਾਗ ਵਿੱਚ 3 ਪ੍ਰਸ਼ਨ ਹੋਣਗੇ।ਹਰ ਇੱਕ ਪ੍ਰਸ਼ਨ 5-5 ਅੰਕ ਦਾ ਹੋਵੇਗਾ ਅਤੇ ਹਰ ਪ੍ਰਸ਼ਨ ਵਿੱਚ ਅੰਦਰੂਨੀ ਛੋਟ ਹੋਵੇਗੀ।

ਨੋਟ-ਕਿਰਿਆ ਦੇ ਪ੍ਰਸ਼ਨ 5 ਅੰਕ ਦੇ ਹੋਣਗੇ।

ਪ੍ਰਸ਼ਨ ਪੱਤਰ- SA-II      ਕੁੱਲ ਅੰਕ-70

ਕਲਾਸ-ਅੱਠਵੀਂ      ਸਮਾਂ- 3 ਘੰਟੇ

ਸਾਰੇ ਪ੍ਰਸ਼ਨ ਜ਼ਰੂਰੀ ਹਨ।

## ਭਾਗ(ੳ)-20 ਅੰਕ

**ਪ੍ਰਸ਼ਨ 1. ਖਾਲੀ ਸਥਾਨ ਭਰੋ**      (5)

(1) ਘਰਾਂ ਵਿੱਚ ਕੰਮ ਆਉਣ ਵਾਲਾ ਇੱਕ ਦ੍ਰਵ ਬਾਲਣ_________ਹੈ।

(2) ਕੋਲਾ ਅਤੇ ______________ਫੌਸਿਲ ਬਾਲਣ ਹਨ।

(3) ਸਰਕਣਸ਼ੀਲ ਰਗੜ ਸਥਿਤਿਕ ਰਗੜ ਨਾਲੋਂ__________ਹੁੰਦੀ ਹੈ।

(4) ਧੁਨੀ ਦਾ ਤਿੱਖਾਪਣ ਕੰਪਨਾਂ ਦੀ ____________ਤੋਂ ਨਿਰਧਾਰਿਤ ਕੀਤਾ ਜਾਂਦਾ ਹੈ।

(5) ਰਗੜ ਦੁਆਰਾ ਪੈਦਾ ਬਿਜਲੀ ਚਾਰਜਾਂ ਨੂੰ _________ਚਾਰਜ ਕਹਿੰਦੇ ਹਨ।

**ਪ੍ਰਸ਼ਨ 2. ਮਿਲਾਣ ਕਰੋ।**      (5)

| ਕਾਲਮ-1 | ਕਾਲਮ-2 |
|---|---|
|  | (1) ਮੈਗਨੀਸ਼ੀਅਮ ਰਿਬਨ |
|  | (2) ਮਨੁੱਖੀ ਕੰਨ |
|  | (3) ਕਲੀਡੀਓਸਕੋਪ |
|  | (4) ਸਮਤਲ ਦਰਪਣ |

| | |
|---|---|
|  | (5) ਕਮਾਨੀਦਾਰ ਤੁਲਾ |

**ਪ੍ਰਸ਼ਨ 3. ਸਹੀ ਉੱਤਰ ਚੁਣੋ।** **(5)**

(ੳ)ਸੁਮਨ ਦੀ ਸਾਇਕਲ ਖਰਾਬ ਹੋਣ ਤੇ ਮਕੈਨਿਕ ਨੇ ਉਸਨੂੰ ਹੇਠਾਂ ਵਿਖਾਇਆ ਪੁਰਜਾ ਬਦਲਣ ਦੀ ਸਲਾਹ ਦਿੱਤੀ ।ਇਸ ਪੁਰਜੇ ਨੂੰ ਕੀ ਕਿਹਾ ਜਾਂਦਾ ਹੈ?



(1) ਕਮਾਨੀਦਾਰ ਤੁਲਾ (2) ਬਾਲ ਬੇਅਰਿੰਗ
(3) ਸਨੇਹਕ (4) ਉਪਰੋਕਤ ਵਿਚੋਂ ਕੋਈ ਨਹੀਂ

(ਅ) ਮੋਮਬੱਤੀ ਦੀ ਲਾਟ ਵਿੱਚ ਪੂਰਨ ਬਾਲਣ ਕਿਹੜੇ ਭਾਗ ਵਿੱਚ ਹੁੰਦਾ ਹੈ?

(1) ਸਭ ਤੋਂ ਅੰਦਰਲੇ ਭਾਗ ਵਿੱਚ (2) ਮੱਧ ਭਾਗ ਵਿੱਚ

(3) ਸਭ ਤੋਂ ਬਾਹਰਲੇ ਭਾਗ ਵਿੱਚ (4) ਸਾਰੇ ਭਾਗਾਂ ਵਿੱਚ ਹੀ

(ੲ) ਬੰਸਰੀ ਵਿੱਚ ਧੁਨੀ ਪੈਦਾ ਕਰਨ ਵਾਲਾ ਭਾਗ ਕਿਹੜਾ ਹੈ?

(1) ਤਾਰ (2) ਖਿੱਚੀ ਝਿੱਲੀ

(3) ਹਵਾ ਕਾੱਲਮ (4) ਉਪਰੋਕਤ ਸਾਰੇ

(ਸ) ਹੇਠ ਲਿਖਿਆਂ ਵਿਚੋਂ ਕਿਸ ਨੂੰ ਰਗੜ ਦੁਆਰਾ ਅਸਾਨੀ ਨਾਲ ਚਾਰਜਿਤ ਨਹੀਂ ਕੀਤਾ ਜਾ ਸਕਦਾ?

(1) ਪਲਾਸਟਿਕ ਦਾ ਪੈਮਾਨਾ (2)ਤਾਂਬੇ ਦੀ ਛੜ

(3) ਫੁੱਲਿਆ ਗੁਬਾਰਾ (4) ਉੱਨ ਦੇ ਕੱਪੜੇ

(ਹ) ਪ੍ਰਕਾਸ਼ ਦੇ ਆਪਣੇ ਘਟਕ ਰੰਗਾਂ ਵਿੱਚ ਵੰਡਣ ਨੂੰ ਕੀ ਕਹਿੰਦੇ ਹਨ?

(1) ਪ੍ਰਕਾਸ਼ ਦਾ ਪਰਾਵਰਤਨ (2) ਪ੍ਰਕਾਸ਼ ਦਾ ਅਪਵਰਤਨ

(3) ਪ੍ਰਕਾਸ਼ ਦਾ ਵਰਨ-ਵਿਖੇਪਣ (4) ਉਪਰੋਕਤ ਸਾਰੇ

**ਪ੍ਰਸ਼ਨ 4.ਹੇਠ ਲਿਖੇ ਕਥਨ ਸਹੀ ਹਨ ਜਾਂ ਗਲਤ** **(5)**

(1) ਕੈਰਮ ਬੋਰਡ ਉੱਤੇ ਪਾਊਡਰ ਛਿੜਕਨ ਨਾਲ ਰਗੜ ਵੱਧ ਜਾਂਦੀ ਹੈ। [ ]

(2) ਟੈਸਟੋਸਟੇਰਾੱਨ ਨਰ ਹਾਰਮੋਨ ਹੈ। [ ]

(3) ਵਿਸਰਤ ਪਰਾਵਰਤਨ ਖੁਰਦਰੇ ਸਤ੍ਹਾ ਤੋਂ ਹੁੰਦਾ ਹੈ। [ ]

(4) ਪੈਟ੍ਰੋਲ ਦੇ ਨਾਲੋਂ ਸੀ.ਐਨ.ਜੀ ਵਧੇਰੇ ਪ੍ਰਦੂਸ਼ਕ ਬਾਲਣ ਹੈ। [ ]

(5) ਚਾਰਜਿਤ ਕੱਚ ਦੀ ਛੜ ਚਾਰਜਿਤ ਚਾਰਜਿਤ ਪਲਾਸਟਿਕ ਸਟ੍ਰਾਅ ਨੂੰ ਆਕਰਸ਼ਿਤ ਕਰਦੀ ਹੈ। [ ]

**ਭਾਗ- (ਅ)**

**ਕੁੱਲ ਅੰਕ-14 ਹਰੇਕ ਪ੍ਰਸ਼ਨ 2 ਅੰਕ ਦਾ ਹੈ**

ਪ੍ਰਸ਼ਨ 5. ਹੇਠਾਂ ਵਿਖਾਈ ਕਿਰਿਆ ਵਿੱਚ ਕੱਚ ਦੀ ਚਿਮਨੀ ਬਲਦੀ ਮੋਮਬੱਤੀ 'ਤੇ ਰੱਖਣ 'ਤੇ ਲਾਟ ਕੰਬਦੀ ਕਿਉਂ ਹੈ?



ਪ੍ਰਸ਼ਨ 6. ਹੇਠਾਂ ਵਿਖਾਏ ਯੰਤਰ ਨੂੰ ਕੀ ਕਹਿੰਦੇ ਹਨ? ਜਦੋਂ ਇੱਕ ਰੀਫਿਲ ਨੂੰ ਚਾਰਜਿਤ ਕਰਕੇ ਇਸ ਨੂੰ ਹੇਠਾਂ ਵਿਖਾਏ ਯੰਤਰ ਦੇ ਸਿਰੇ A ਨਾਲ ਛੂੰਹਦੇ ਹਾਂ ਤਾ ਕੀ ਹੋਵੇਗਾ?




ਪ੍ਰਸ਼ਨ 7. ਹੇਠਾਂ ਵਿਖਾਏ ਯੰਤਰ ਨੂੰ ਕੀ ਕਹਿੰਦੇ ਹਨ?ਇਸ ਦੀ ਕਾਰਜ ਵਿਧੀ ਕਿਸ ਸਿਧਾਂਤ'ਤੇ ਅਧਾਰਿਤ ਹੈ?



ਪ੍ਰਸ਼ਨ 8. ਤਰਲ ਵਿੱਚ ਗਤੀ ਕਰਨ ਵਾਲੀਆਂ ਵਸਤੂਆਂ ਦੀ ਸ਼ਕਲ ਵਿਸ਼ੇਸ਼ ਕਿਸਮ ਦੀ ਕਿਉਂ ਬਣਾਈ ਜਾਂਦੀ ਹੈ?

ਪ੍ਰਸ਼ਨ 9. ਹੇਠ ਦਿੱਤੇ ਸਾਜ਼ਾਂ ਵਿੱਚ ਉਸ ਭਾਗ ਨੂੰ ਪਛਾਣੋ ਜੋ ਧੁਨੀ ਪੈਦਾ ਕਰਨ ਲਈ ਕੰਪਿਤ ਹੁੰਦਾ ਹੈ:-

(ੳ) ਢੋਲ (ਅ) ਸਿਤਾਰ

ਪ੍ਰਸ਼ਨ 10. ਕਿਹੜੀਆਂ ਵੱਖ-ਵੱਖ ਵਿਧੀਆਂ ਦੁਆਰਾ ਪਾਣੀ ਦਾ ਪ੍ਰਦੂਸ਼ਣ ਹੁੰਦਾ ਹੈ? ਕੋਈ ਦੋ ਵਿਧੀਆਂ ਲਿਖੋ।

ਪ੍ਰਸ਼ਨ 11.ਮ੍ਰਿਤ ਬਨਸਪਤੀ ਤੋਂ ਕੋਲਾ ਕਿਸ ਤਰ੍ਹਾਂ ਬਣਦਾ ਹੈ?

**ਭਾਗ -(ੲ)**

**ਕੁੱਲ ਅੰਕ-21 ਹਰੇਕ ਪ੍ਰਸ਼ਨ 3 ਅੰਕ ਦਾ ਹੈ**

ਪ੍ਰਸ਼ਨ 12. ਪ੍ਰੋੜ ਅਵਸਥਾ ਸਮੇਂ ਹੋਣ ਵਾਲੇ ਕਿਸੇ ਤਿੰਨ ਪਰਿਵਰਤਨਾਂ ਦੀ ਸੂਚੀ ਬਣਾਓ।

ਪ੍ਰਸ਼ਨ 13. ਬਾਲਣ ਦੇ ਰੂਪ ਵਿੱਚ ਐਲ.ਪੀ.ਜੀ ਅਤੇ ਲੱਕੜੀ ਦੀ ਤੁਲਨਾ ਕਰੋ।

ਪ੍ਰਸ਼ਨ 14. ਚਿੱਤਰ ਵਿੱਚ ਦਰਸਾਏ ਅਨੁਸਾਰ ਜਲ ਤਰੰਗ ਵਿੱਚ ਗਲਾਸਾਂ ਵਿੱਚ ਪਾਣੀ ਅਲੱਗ ਅਲੱਗ ਪੱਧਰ ਤੇ ਹੈ।



(ੳ) ਕਿਸ ਗਲਾਸ ਵਿੱਚ ਧੁਨੀ ਦੀ ਪਿੱਚ ਘੱਟ ਹੋਵੇਗੀ?

(ਅ) ਕਿਸ ਗਲਾਸ ਵਿੱਚ ਧੁਨੀ ਦੀ ਪਿੱਚ ਵੱਧ ਹੋਵੇਗੀ?

(ੲ) ਪਿੱਚ ਦਾ ਨਿਰਧਾਰਨ ਕਿਸ ਅਧਾਰ ਤੇ ਕੀਤਾ ਜਾਂਦਾ ਹੈ?

ਪ੍ਰਸ਼ਨ 15. ਮਨੁੱਖੀ ਅੱਖ ਦਾ ਲੇਬਲ ਕੀਤਾ ਚਿੱਤਰ ਬਣਾਓ।

ਪ੍ਰਸ਼ਨ 16. ਕੋਕ ਦੇ ਕੋਈ ਤਿੰਨ ਗੁਣ ਲਿਖੋ।

ਪ੍ਰਸ਼ਨ 17. ਹੇਠਾਂ ਵਿਖਾਈ ਗਈ ਦੋ ਸਥਿਤੀਆਂ ਵਿਚੋਂ ਕਿਸ ਸਥਿਤੀ ਵਿੱਚ ਕਿਤਾਬ ਨੂੰ ਧੱਕਣਾ ਅਸਾਨ ਹੋਵੇਗਾ ਅਤੇ ਕਿਉਂ?




ਪ੍ਰਸ਼ਨ 18. ਉਹ ਤਿੰਨ ਵਿਧੀਆਂ ਲਿਖੋ ਜਿਨ੍ਹਾਂ ਦੁਆਰਾ ਪਾਣੀ ਦਾ ਪ੍ਰਦੂਸ਼ਣ ਹੁੰਦਾ ਹੈ।

**ਭਾਗ- (ਸ)**

**ਕੁੱਲ ਅੰਕ- 15 ਇਸ ਭਾਗ ਵਿੱਚ 3 ਪ੍ਰਸ਼ਨ ਕਰਨੇ ਹਨ , ਹਰੇਕ ਭਾਗ ਵਿੱਚ ਅੰਦਰੂਨੀ ਛੋਟ ਹੈ।**

ਪ੍ਰਸ਼ਨ 19. (ੳ) ਸੋਨੇ ਅਤੇ ਚਾਂਦੀ ਨੂੰ ਪਿਘਲਾਉਣ ਦੇ ਲਈ ਸੁਨਿਆਰਾ ਲਾਟ ਦੇ ਕਿਸ ਖੇਤਰ ਦੀ ਵਰਤੋਂ ਕਰਦਾ ਹੈ ਅਤੇ ਕਿਉਂ।

(ਅ) ਆਬਿਦਾ ਅਤੇ ਰਮੇਸ਼ ਨੇ ਇੱਕ ਪ੍ਰਯੋਗ ਕੀਤਾ ਜਿਸ ਵਿੱਚ ਬੀਕਰ ਵਿੱਚ ਰੱਖੇ ਪਾਣੀ ਨੂੰ ਗਰਮ ਕੀਤਾ ਗਿਆ।ਆਬਿਦਾ ਨੇ ਬੀਕਰ ਨੂੰ ਮੋਮਬੱਤੀ ਦੀ ਲਾਟ ਦੇ ਪੀਲੇ ਭਾਗ ਕੋਲ ਰੱਖਿਆ ਅਤੇ ਰਮੇਸ਼ ਨੇ ਬੀਕਰ ਨੂੰ ਲਾਟ ਦੇ ਸਭ ਤੋਂ ਬਾਹਰਲੇ ਭਾਗ ਦੇ ਕੋਲ ਰੱਖਿਆ।ਕਿਸ ਦਾ ਪਾਣੀ ਘੱਟ ਸਮੇਂ ਵਿੱਚ ਗਰਮ ਹੋਵੇਗਾ ਅਤੇ ਕਿਉਂ?

ਜਾਂ

ਹਰਾ ਘਰ ਪ੍ਰਭਾਵ ਨੂੰ ਆਪਣੇ ਸ਼ਬਦਾ ਵਿੱਚ ਵਰਣਨ ਕਰੋ।

ਪ੍ਰਸ਼ਨ 20. (ੳ) ਵਰਣਨ ਕਰੋ, ਰਗੜ ਕਿਸ ਤਰ੍ਹਾਂ ਦੁਸ਼ਮਣ ਅਤੇ ਮਿੱਤਰ ਦੋਵੇਂ ਹੈ।

ਜਾਂ

ਮਾਸਿਕ ਚੱਕਰ ਕੀ ਹੈ? ਵਰਣਨ ਕਰੋ।

ਪ੍ਰਸ਼ਨ 21.(ੳ) ਚਾਰਜਿਤ ਗੁਬਾਰਾ ਦੂਜੇ ਚਾਰਜਿਤ ਗੁਬਾਰੇ ਨੂੰ ਪ੍ਰਤਿ-ਆਕਰਸ਼ਿਤ ਕਰਦਾ ਹੈ, ਜਦਕਿ ਅਣ-ਚਾਰਜਿਤ ਗੁਬਾਰਾ ਚਾਰਜਿਤ ਗੁਬਾਰੇ ਦੁਆਰਾ ਆਕਰਸ਼ਿਤ ਕੀਤਾ ਜਾਂਦਾ ਹੈ।ਵਿਆਖਿਆ ਕਰੋ।

(ਅ) ਅਕਾਸ਼ੀ ਬਿਜਲੀ ਤੋਂ ਆਪਣੀ ਸੁਰੱਖਿਆ ਦੇ ਤਿੰਨ ਉਪਾਅ ਸੁਝਾਓ।

ਜਾਂ

ਆਪਣੇ ਵਾਤਾਵਰਣ ਵਿਚੋਂ ਸ਼ੋਰ ਪ੍ਰਦੂਸ਼ਣ ਦੇ ਸਰੋਤਾਂ ਦੀ ਸੂਚੀ ਬਣਾਉ।ਵਰਣਨ ਕਰੋ ਸ਼ੋਰ ਪ੍ਰਦੂਸ਼ਣ ਮਨੁੱਖ ਲਈ ਕਿਵੇਂ ਹਾਨੀਕਾਰਕ ਹੈ।